ਨਗਰ ਨਿਗਮ ਜਲੰਧਰ

# ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ
# ਮਿਤੀ 11.1.2021
# ਦੀ ਕਾਰਵਾਈ

(ਮਤਾ ਨੰ: **25-36**)

ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 11.1.2021 ਨੂੰ ਮੇਅਰ ਜੀ ਦੇ ਦਫਤਰ, ਨਗਰ ਨਿਗਮ, ਜਲੰਧਰ ਵਿਖੇ, ਸੀਨੀਅਰ ਡਿਪਟੀ ਮੇਅਰ ਜੀ ਦੀ ਪ੍ਰਧਾਨਗੀ ਹੇਠ ਹੋਈ, ਦੀ ਕਾਰਵਾਈ।

ਮੀਟਿੰਗ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

1. ਸ੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ ................ ਮੈਂਬਰ ਚੇਅਰਮੈਨ
2. ਸ਼੍ਰੀ ਕਰਨੇਸ਼ ਸ਼ਰਮਾ, ਆਈ.ਏ.ਐਸ., ਕਮਿਸ਼ਨਰ, ................. ਮੈਂਬਰ
3. ਸ੍ਰੀ ਗਿਆਨ ਚੰਦ, ਕੌਂਸਲਰ .......................................... ਮੈਂਬਰ
4. ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ ............... ਮੈਂਬਰ

ਮੀਟਿੰਗ ਸ਼ੁਰੂ ਹੋਣ ਤੇ ਸੀਨੀਅਰ ਡਿਪਟੀ ਮੇਅਰ ਜੀ ਨੇ ਰੈਗੂਲਰ ਅਜੰਡੇ ਦੀਆਂ ਮੱਦਾਂ ਲੜੀਵਾਰ ਪੜ੍ਹਨ ਦੇ ਆਦੇਸ਼ ਦਿੱਤੇ ।

ਸਹੀ/- ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ
11.1.2021

ਮਤਾ ਨੰ: 25

ਵਿਸ਼ਾ: Const. of shelter in park adjoining Cambridge School Urban Estate Ph-1, Ward No.24 (ਐਮ.ਸੀ. ਫੰਡਜ਼) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 1.50 ਲੱਖ ਟੈਂਡਰ ਅਮਾਊਂਟ ਰੁ: 1.47 ਲੱਖ ਸੇਵਿੰਗ: 2.00%
ਫਰਮ ਦਾ ਨਾਂ:- ਸੁਰਜੀਤ ਸਿੰਘ ਨਾਗੀ
ਟੈਂਡਰ ਕਾਲ ਕੀਤੇ:- ਪਹਿਲੀ ਵਾਰੀ। ਪ੍ਰਾਪਤ ਹੋਏ ਟੈਂਡਰ:- 03

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮੇਅਰ ਜੀ ਨੇ ਮਿਤੀ 12.3.2020 ਰਾਹੀਂ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ।ਕਾਰਜਕਾਰੀ ਇੰਜੀਨੀਅਰ (ਬੀ. ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ. ਐਂਡ ਆਰ.) ਨੇ ਮਿਤੀ: 4.1.2021 ਰਾਹੀਂ ਅਪਣੀ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 4.1.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 5.1.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ
11.1.2021

ਮਤਾ ਨੰ: 26

ਵਿਸ਼ਾ: Const. of CC flooring in streets Upkar Nagar, Ward No.58 (ਯੂ.ਈ.ਆਈ.ਪੀ. ਫੇਸ-2 ਗ੍ਰਾਂਟ) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 3.39 ਲੱਖ ਟੈਂਡਰ ਅਮਾਉਂਟ ਰੁ: 3.21 ਲੱਖ ਸੇਵਿੰਗ: 5.17%
ਫਰਮ ਦਾ ਨਾਂ:- ਨਿਊ ਅਮਰ ਕੋ.ਆਪ ਐਲ/ਸੀ ਸੋਸਾਇਟੀ
ਟੈਂਡਰ ਕਾਲ ਕੀਤੇ:- ਤੀਜੀ ਵਾਰੀ। ਪ੍ਰਾਪਤ ਹੋਏ ਟੈਂਡਰ:- 01

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਨਗਰ ਨਿਗਮ ਹਾਊਸ ਦੇ ਮਤਾ ਨੰ: 101(10) ਮਿਤੀ 25.6.2018 ਰਾਹੀਂ ਪ੍ਰਵਾਨ ਕੀਤਾ ਗਿਆ।ਕਾਰਜਕਾਰੀ ਇੰਜੀਨੀਅਰ (ਬੀ. ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ. ਐਂਡ ਆਰ.) ਨੇ ਮਿਤੀ: 22.10.2020 ਰਾਹੀਂ ਅਪਣੀ ਸਹਿਮਤੀ ਦਿੱਤੀ ਹੈ ।ਸਯੁੰਕਤ ਕਮਿਸ਼ਨਰ (ਸ਼) ਨੇ ਮਿਤੀ 20.11.2020 ਰਾਹੀਂ ਲਿਖਿਆ ਹੈ ਕਿ The file has been put up on 20.11.2020 whereas SE has cleared it on 22.10.2020. Please Explain. ਨਿਗਰਾਨ ਇੰਜੀਨਿਅਰ (ਬੀ ਐਂਡ ਆਰ) (ਡੀ) ਨੇ ਮਿਤੀ 24.12.2020 ਰਾਹੀਂ ਹਸਤਾਖ਼ਰ ਕੀਤੇ ਹਨ। ਕਮਿਸ਼ਨਰ ਜੀ ਨੇ ਮਿਤੀ 6.1.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਨੇ ਮਿਤੀ 7.1.2021 ਰਾਹੀਂ ਲਿਖਿਆ ਹੈ ਕਿ The note for approval be put up before F&CC. But however responsibility of concerned officer who have kept this file in his custody for long span of time.

ਫੈਸਲਾ:

ਪ੍ਰਵਾਨ ਹੈ।

ਸਹੀ/- ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ

11.1.2021

ਮਤਾ ਨੰ: 27

ਵਿਸ਼ਾ: Laying SDBC on road at MCJ workshop near Lamba Pind Chowk (Gen) (ਐਮ.ਸੀ. ਫੰਡਜ਼) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 4.29 ਲੱਖ ਟੈਂਡਰ ਅਮਾਉਂਟ ਰੁ: 4.17 ਲੱਖ ਸੇਵਿੰਗ: 2.88%

ਫਰਮ ਦਾ ਨਾਂ:- ਸਤੀਸ਼ ਅਗਰਵਾਲ ਐਂਡ ਕੰਪਨੀ

ਟੈਂਡਰ ਕਾਲ ਕੀਤੇ:- ਦੂਜੀ ਵਾਰੀ। ਪ੍ਰਾਪਤ ਹੋਏ ਟੈਂਡਰ:- 01

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਨਗਰ ਨਿਗਮ ਹਾਊਸ ਦੇ ਮਤਾ ਨੰ: 156(12) ਮਿਤੀ 18.10.2018 ਰਾਹੀਂ ਪ੍ਰਵਾਨ ਕੀਤਾ ਗਿਆ।ਕਾਰਜਕਾਰੀ ਇੰਜੀਨੀਅਰ (ਬੀ. ਐਂਡ ਆਰ.) ਨੇ ਅਤੇ ਨਿਗਰਾਨ ਇੰਜੀਨੀਅਰ (ਬੀ. ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ।ਸਯੁੰਕਤ ਕਮਿਸ਼ਨਰ (ਸ਼) ਨੇ ਮਿਤੀ 5.1.2021 ਅਤੇ ਕਮਿਸ਼ਨਰ ਜੀ ਨੇ ਮਿਤੀ 6.1.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 8.1.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/- ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ

11.1.2021

**ਮਤਾ ਨੰ: 28**

ਵਿਸ਼ਾ: Const. of CC streets Bhandari Chowk and surrounding area of Bania Mohalla, Ward No. 44 (ਐਮ.ਸੀ. ਫੰਡਜ਼) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 44.48 ਲੱਖ ਟੈਂਡਰ ਅਮਾਉਂਟ ਰੁ: 41.72 ਲੱਖ ਸੇਵਿੰਗ: 6.21%
ਫਰਮ ਦਾ ਨਾਂ:- ਤੇਜ਼ ਮੋਹਨ ਨਗਰ ਕੋ.ਆਪ ਐਲ/ਸੀ ਸੋਸਾਇਟੀ
ਟੈਂਡਰ ਕਾਲ ਕੀਤੇ:- ਦੂਜੀ ਵਾਰੀ। ਪ੍ਰਾਪਤ ਹੋਏ ਟੈਂਡਰ:- 01

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਨਗਰ ਨਿਗਮ ਹਾਊਸ ਦੇ ਮਤਾ ਨੰ: 106(2) ਮਿਤੀ 1.12.2020 ਰਾਹੀਂ ਪ੍ਰਵਾਨ ਕੀਤਾ ਗਿਆ।ਕਾਰਜਕਾਰੀ ਇੰਜੀਨੀਅਰ (ਬੀ. ਐਂਡ ਆਰ.) ਨੇ ਅਤੇ ਨਿਗਰਾਨ ਇੰਜੀਨੀਅਰ (ਬੀ. ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ।ਸਯੁੰਕਤ ਕਮਿਸ਼ਨਰ (ਸ਼) ਨੇ ਮਿਤੀ 5.1.2021 ਅਤੇ ਕਮਿਸ਼ਨਰ ਜੀ ਨੇ ਮਿਤੀ 6.1.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 8.1.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ
11.1.2021

**ਮਤਾ ਨੰ: 29**

ਵਿਸ਼ਾ: P/L SDBC on roads near Park at Partap Bhagh, Ward No. 54 (ਐਮ.ਸੀ. ਫੰਡਜ਼) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 15.56 ਲੱਖ ਟੈਂਡਰ ਅਮਾਉਂਟ ਰੁ: 15.11 ਲੱਖ ਸੇਵਿੰਗ: 2.88%
ਫਰਮ ਦਾ ਨਾਂ:- ਸਤੀਸ਼ ਅਗਰਵਾਲ ਐਂਡ ਕੰਪਨੀ
ਟੈਂਡਰ ਕਾਲ ਕੀਤੇ:- ਦੂਜੀ ਵਾਰੀ। ਪ੍ਰਾਪਤ ਹੋਏ ਟੈਂਡਰ:- 01

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਨਗਰ ਨਿਗਮ ਹਾਊਸ ਦੇ ਮਤਾ ਨੰ: 106(5) ਮਿਤੀ 1.12.2020 ਰਾਹੀਂ ਪ੍ਰਵਾਨ ਕੀਤਾ ਗਿਆ।ਕਾਰਜਕਾਰੀ ਇੰਜੀਨੀਅਰ (ਬੀ. ਐਂਡ ਆਰ.) ਨੇ ਅਤੇ ਨਿਗਰਾਨ ਇੰਜੀਨੀਅਰ (ਬੀ. ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ।ਸਯੁੰਕਤ ਕਮਿਸ਼ਨਰ (ਸ਼) ਨੇ ਮਿਤੀ 5.1.2021 ਅਤੇ ਕਮਿਸ਼ਨਰ ਜੀ ਨੇ ਮਿਤੀ 6.1.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 8.1.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ
11.1.2021

ਮਤਾ ਨੰ: 30

ਵਿਸ਼ਾ: Const. of Boundary Wall and Flooring under Flyover Bus Stand Near Railway Crossing. (Gen) (ਐਸ.ਡੀ.ਐਮ. ਫੰਡਸ) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 5.09 ਲੱਖ ਟੈਂਡਰ ਅਮਾਉਂਟ ਰੁ: 5.06 ਲੱਖ ਸੇਵਿੰਗ: 0.55%
ਫਰਮ ਦਾ ਨਾਂ:- ਵਿਸ਼ਾਲ ਗੋਰਮਿੰਟ ਕੰਟਰੈਕਟਰ
ਟੈਂਡਰ ਕਾਲ ਕੀਤੇ:- ਪੰਜਵੀ ਵਾਰੀ। ਪ੍ਰਾਪਤ ਹੋਏ ਟੈਂਡਰ:- 02

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮੇਅਰ ਜੀ ਨੇ ਮਿਤੀ 14.10.2019 ਰਾਹੀਂ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ। ਕਾਰਜਕਾਰੀ ਇੰਜੀਨੀਅਰ (ਬੀ. ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ. ਐਂਡ ਆਰ.) ਨੇ ਮਿਤੀ: 4.1.2021 ਰਾਹੀਂ ਲਿਖਿਆ ਹੈ ਕਿ ਉਪਰੋਕਤ ਵਿਸ਼ੇ ਸਬੰਧੀ ਮਿਤੀ 18/20-2.2020 ਨੂੰ ਟੈਂਡਰ ਮੰਗੇ ਗਏ ਸਨ ਅਤੇ ਕੁਲ 2 ਟੈਂਡਰ ਪ੍ਰਾਪਤ ਹੋਏ ਸੀ । ਪ੍ਰਾਪਤ ਹੋਏ ਟੈਂਡਰਾਂ ਵਿੱਚੋਂ ਸਭ ਤੋਂ ਘੱਟ ਸੇਵਿੰਗ (-) 0.55% ਵਿਸ਼ਾਲ ਗੋਰਮਿੰਟ ਕੰਟਰੈਕਟਰ ਵਲੋਂ ਪਾਈ ਗਈ । ਉਸ ਉਪਰੰਤ ਮਿਤੀ 4.8.2020 ਨੂੰ ਕਮਿਸ਼ਨਰ ਜੀ ਵਲੋਂ ਕਮੈਂਟਸ ਦੇਣ ਲਈ ਕਿਹਾ ਗਿਆ ਸੀ । ਸਿੱਟੇ ਵਜੋਂ ਸਬੰਧਤ ਕਾਰਜਕਾਰੀ ਇੰਜੀਨਿਅਰ ਨੇ ਠੇਕੇਦਾਰ ਸ੍ਰੀ ਵਿਸ਼ਾਲ ਨਾਲ ਨੈਗੋਸ਼ਿਏਸ਼ਨ ਦੌਰਾਨ ਇਸ ਟੈਂਡਰ ਤੇ ਸੇਵਿੰਗ ਵਧਾਉਣ ਲਈ ਕਿਹਾ ਗਿਆ । ਇਸ ਉਪਰੰਤ ਇਸ ਕੰਮ ਦੇ ਸੇਵਿੰਗ (-) 2.00% ਕਰ ਦਿੱਤੀ ਗਈ । ਇਸ ਲਈ ਇਹ ਟੈਂਡਰ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। ।ਸਯੁੰਕਤ ਕਮਿਸ਼ਨਰ (ਸ਼) ਨੇ ਮਿਤੀ 4.1.2021 ਅਤੇ ਕਮਿਸ਼ਨਰ ਜੀ ਨੇ ਮਿਤੀ 6.1.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 8.1.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ
11.1.2021

ਮਤਾ ਨੰ: 31

ਵਿਸ਼ਾ:- ਭਗਤ ਸਿੰਘ ਕਲੌਨੀ ਅਤੇ ਬਾਬਾ ਬਾਲਕ ਨਾਥ ਨਗਰ ਦੇ ਡਿਸਪੋਜਲਾਂ ਤੇ 20 ਐਚ.ਪੀ ਨਾਨ ਕਲਾਗ ਪੰਪ (ਮੇਕ ਕੇ.ਐਸ.ਬੀ./ ਕਿਰਲੋਸਕਰ/ਜਯੋਤੀ) ਲਗਾਉਣ ਬਾਰੇ। (ਰਿਪਲੇਸਮੈਂਟ) ਵਾਰਡ ਨੰ: 64 ਨਿਉ ਈ-ਟੈਂਡਰ ਪ੍ਰਵਾਨਗੀ ਹਿੱਤ।

ਤਖਮੀਨਾ ਰੁਪਏ 13,00,962/-
ਟੈਂਡਰ ਅਮਾਉਂਟ ਰੁਪਏ 12,38,385/- ਸੇਵਿੰਗ 4.81%
ਕੁੱਲ ਪ੍ਰਾਪਤ ਟੈਂਡਰ 2 (ਤੀਸਰੀ ਬਾਰੀ)
ਅਜੰਸੀ ਦਾ ਨਾਮ:- ਮੈਸਰਜ਼ ਨਾਹਲ ਕੋ-ਆਪ ਐਲ.ਸੀ ਸੁਸਾਈਟੀ ਮੋਗਾ
ਈ.ਪੀ.ਐਫ ਨੰ: PBBTI 1746793000 ESI 1200065992 0000 999

ਵਾਰਡ ਨੰ: 64 ਦੇ ਕੋਂਸਲਰ ਸ੍ਰੀ ਸੁਸ਼ੀਲ ਕਾਲੀਆ ਨੇ ਅਪਣੇ ਪੱਤਰ ਰਾਹੀਂ ਮਾਨਯੋਗ ਮੇਅਰ ਜੀ ਨੂੰ ਬੇਨਤੀ ਕੀਤੀ ਹੈ ਕਿ ਭਗਤ ਸਿੰਘ ਕਲੌਨੀ ਅਤੇ ਬਾਬਾ ਬਾਲਕ ਨਾਥ ਨਗਰ ਦੇ ਡਿਸਪੋਜਲਾਂ ਤੇ ਲਗੇ ਪੰਪ ਖਸਤਾ ਹਾਲਤ ਵਿੱਚ ਹਨ ਅਤੇ ਬਦਲਣ ਵਾਲੇ ਹਨ। ਇਹਨਾ ਪੰਪਾਂ ਨੂੰ ਲਗੇ ਲਗਭਗ 20 ਸਾਲ ਦਾ ਸਮਾ ਹੋ ਚੁਕਾ ਹੈ ਅਤੇ ਇਹਨਾ ਪੰਪਾਂ ਦਾ ਡਿਸਚਾਰਜ਼ ਵੀ ਘੱਟ ਗਿਆ ਹੈ। ਇਸ ਲਈ ਇਹਨਾ ਪੁਰਾਣੇ ਲਗੇ ਹੋਏ ਪੰਪਾਂ ਦੀ ਥਾਂ ਤੇ ਨਵੇ ਪੰਪ ਲਗਾਉਣ ਦਾ ਤਖਮੀਨਾ ਰੁਪਏ 13,00,962/- ਦਾ ਤਿਆਰ ਕੀਤਾ ਗਿਆ ਹੈ, ਜਿਸ ਦੀ ਪ੍ਰਵਾਨਗੀ ਹਾਉਸ ਵੱਲੋਂ ਅਪਣੇ ਮਤਾ ਨੰ: 116(3) ਮਿਤੀ 27.07.18 ਰਾਹੀਂ ਦਿੱਤੀ।

ਪਹਿਲੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀ ਮਿਤੀ 04.06.2019 ਰਾਹੀਂ ਮੰਗੇ ਗਏ ਕੁੱਲ 4 ਟੈਂਡਰ ਪ੍ਰਾਪਤ ਹੋਇਆ, ਪਰੰਤੂ ਇਹਨਾ ਪੰਪਾਂ ਦੇ ਮੇਕਾਂ ਦਾ ਵੇਰਵਾ ਸੀਵਰੇਜ਼ ਬੋਰਡ ਤੋ ਨਾ ਆਉਣ ਕਾਰਨ ਇਹਨਾ ਟੈਂਡਰਾਂ ਨੂੰ ਰੱਦ ਕਰਕੇ ਰਿ-ਕਾਲ ਕਰਨ ਦੇ ਹੁਕਮ ਜਾਰੀ ਕੀਤੇ ਗਏ। ਦੂਸਰੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀ ਤੋ ਮਿਤੀ 16.08.2019 ਲਈ ਮੰਗੇ ਗਏ, ਕੁੱਲ 4 ਟੈਂਡਰ ਪ੍ਰਾਪਤ ਹੋਏ, ਪਰੰਤੂ ਕੋਈ ਵੀ ਤਕਨੀਕੀ ਮਿਆਰ ਪੱਖੋ ਪੂਰੀ ਨਾ ਹੋਣ ਕਾਰਨ ਇਹਨਾ ਟੈਂਡਰਾਂ ਨੂੰ ਰੱਦ ਕਰਕੇ ਰਿ-ਕਾਲ ਕਰਨ ਦੇ ਹੁਕਮ ਜਾਰੀ ਕੀਤੇ ਗਏ।

ਤੀਸਰੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀ ਤੋ ਮਿਤੀ 14.12.2020 ਲਈ ਮੰਗੇ ਗਏ, ਕੁੱਲ 2 ਟੈਂਡਰ ਪ੍ਰਾਪਤ ਹੋਏ, ਜਿਹਨਾ ਦੀਆਂ ਤਕਨੀਕੀ ਬਿਡਾਂ ਦੀਆਂ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ, ਟੈਕਨੀਕਲ ਇਵੈਲੁਏਸ਼ਟ ਟੀਮ ਵੱਲੋਂ ਘੋਖਣ ਤੇ ਪਤਾ ਲਗਾ ਕਿ ਮੈਸਰਜ਼ ਆਰ.ਜੀ ਇੰਡਸਟ੍ਰੀਜ਼ ਨੇ ਸੁਸਾਈਟੀਆਂ ਦੇ ਮਿਥੇ ਸਮੇ ਤੇ ਟੈਂਡਰ ਵਿੱਚ ਹਿੱਸਾ ਲੈ ਲਿਆ ਗਿਆ ਸੀ ਜਿਸ ਕਾਰਨ ਇਸ ਦੀ ਤਕਨੀਕੀ ਬਿਡ ਨੂੰ ਤਕਨੀਕੀ ਮਿਆਰ ਪੱਖੋ ਡਿਸਕੁਆਲੀ ਫਾਈ ਕਰ ਦਿੱਤਾ ਗਿਆ ਅਤੇ ਮੈਸਰਜ਼ ਨਾਹਲ ਕੋ-ਆਪ ਐਲ.ਸੀ ਸੁਸਾਈਟੀ ਮੋਗਾ ਦੀ ਵਿੱਤੀ ਬਿਡ ਖੋਲੀ ਗਈ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਉਪਰੋਕਤ ਅਜੰਸੀ ਦਾ ਰੇਟ ਸਭ ਤੋ ਘੱਟ ਪਾਇਆ ਗਿਆ। ਜਿਸ ਵਿੱਚ ਅਜੰਸੀ ਵੱਲੋਂ ਰੁਪਏ 13,00,962/- ਦੇ ਵਿਰੁੱਧ 4.81% ਦੀ ਸੇਵਿੰਗ ਨਾਲ ਰੁਪਏ 12,38,385/- ਵਿੱਚ ਕੰਮ ਕਰੇਗੀ। ਕੀਤੇ ਗਏ ਕੰਮ ਦੀ ਅਦਾਇਗੀ ਐਮ.ਬੀ. ਵਿੱਚ ਕੀਤੇ ਗਏ ਇੰਦਰਾਜ ਅਨੁਸਾਰ ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਕੀਤੀ ਜਾਵੇਗੀ ਜੋ ਕਿ ਕੰਮ ਦੀ ਮਿਨਤੀ ਅਨੁਸਾਰ ਵੱਧ-ਘੱਟ ਸਕਦੀ ਹੈ।

ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ) ਅਤੇ ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਟੈਂਡਰ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ 29.12.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ । ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 5.1.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/- ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ

11.1.2021

ਮਤਾ ਨੰ: 32

ਵਿਸ਼ਾ:- Providing and Installation of 2 nos of Non Clog Sewerage Pump Sets (make as per approved by Pb. W/S and Sew. Board) for disposal Baba Bankhandi Zone 4 (ਈ-ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ 13,19,924/-
ਟੈਂਡਰ ਅਮਾਉਂਟ ਰੁਪਏ 12,39,012/- ਸੇਵਿੰਗ 6.13%
ਕੁੱਲ ਪ੍ਰਾਪਤ ਟੈਂਡਰ 4 (ਪਹਿਲੀ ਬਾਰੀ)
ਅਜੰਸੀ ਦਾ ਨਾਮ:- ਮੈਸਰਜ਼ Lakhvir Electric & Engg. Works
ਈ.ਪੀ.ਐਫ ਨੰ: LD JAL 1526824

ਮਾਨਯੋਗ ਡਿਪਟੀ ਮੇਅਰ ਸ੍ਰੀ ਹਰਸਿਮਰਜੀਤ ਸਿੰਘ ਬੰਟੀ ਜੀ ਵੱਲੋਂ ਅਪਣੇ ਪੱਤਰ ਰਾਹੀਂ ਲਿਖ ਕੇ ਦਿੱਤਾ ਹੈ ਕਿ ਜ਼ੋਨ ਨੰ: 4 ਅਧੀਨ ਪੈਦੇ ਬਾਬਾ ਬਨਖੰਡੀ ਵਿੱਚ 40 ਹ.ਪ ਦੀ ਮੋਟਰ ਕਾਫੀ ਪੁਰਾਣੀਆਂ ਹੋਣ ਕਾਰਣ ,ਇਹਨਾਂ ਨੂੰ ਰਿਪੇਅਰ ਕਰਵਾਉਣ ਤੇ ਡਿਸਪੋਜਮ ਚਲਾਉਨ ਵਿੱਚ ਕਾਫੀ ਪਰੇਸ਼ਾਨੀ ਪੇਸ਼ ਆਓਦੀ ਹੈ ਜਿਸ ਕਾਰਨ ਬਰਸਾਤਾਂ ਦੌਰਾਨ ਕਾਫੀ ਮਾਤਰਾ ਵਿੱਚ ਪਾਣੀ ਇੱਕਠਾ ਹੋ ਜਾਂਦਾ ਹੈ ਅਤੇ ਇਥੇ ਦੇ ਵਸਨੀਕਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਨਾ ਕਰਨ ਪੈਂਦਾ ਹੈ। ਇਲਾਕੀਆਂ ਵਿੱਚ *ਬਰਸਾਤਾਂ ਦੌਰਾਨ ਇੱਕਠੇ ਹੋਣ ਵਾਲੇ ਪਾਣੀ ਨੂੰ ਜਲਦੀ ਤੋ ਜਲਦੀ ਡਿਸਪੋ ਆਫ ਕਰਨ ਲਈ ਸਿੱਧੇ ਮੇਨ ਸੀਵਰ ਵਿੱਚ ਸੁੱਟਣ ਵਾਸਤੇ ਐਸਟੀਮੇਟ ਵਿੱਚ ਦਰਜ 2 ਨੰਬਰ ਨੋਟ ਕਲਾਗ ਸੀਵੇਜ਼ ਪੰਪ ਸੈਟ ਅਤੇ ਲੋੜੀਂਦਾ ਸਮਾਨ ਖਰੀਦ ਕਰਨ ਵਾਸਤੇ ਤਖਮੀਨਾ ਰੁਪਏ 13,19,924/- ਦਾ ਤਿਆਰ ਕੀਤਾ ਗਿਆ ਹੈ*। ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਉਸ ਦੇ ਮਤਾ ਨੰ: 86(26) ਮਿਤੀ 01.12.2020 ਰਾਹੀਂ ਹੋ ਗਈ ਹੈ।

ਪਹਿਲੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀ ਮਿਤੀ 14.12.2020 ਰਾਹੀਂ ਮੰਗੇ ਗਏ ਕੁੱਲ 2 ਟੈਂਡਰ ਪ੍ਰਾਪਤ ਹੋਇਆ, ਪਰੰਤੂ ਐਸ.ਓ.ਪੀ ਦੀ ਕੰਡੀਸ਼ਨਜ਼ ਅਨੁਸਾਰ 3 ਤੋ ਘੱਟ ਬਿਡਾਂ ਹੋਣ ਕਾਰਨ ਇਹਨਾਂ ਟੈਂਡਰ ਦੀ ਮਿਆਦ ਨੂੰ ਠੇਕੇਦਾਰਾਂ ਦੇ ਮਿਥੇ ਸਮੇ ਤੱਕ ਵੱਧਾ ਦਿੱਤਾ ਗਿਆ। ਠੇਕੇਦਾਰਾ ਤੋ ਮਿਤੀ 24.12.2020 ਲਈ ਟੈਂਡਰ ਮੰਗੇ ਗਏ ਕੁੱਲ 4 ਟੈਂਡਰ ਪ੍ਰਾਪਤ ਹੋਏ, ਜਿਹਨਾ ਦੀਆਂ ਤਕਨੀਕੀ ਬਿਡਾਂ ਦੀਆਂ ਤੁਲਨਾਤਮਕ ਸੂਚੀ ਤਿਆਰ ਕਰਕੇ ਉਪਰੋਕਤ ਅਜੰਸੀ ਦਾ ਰੇਟ ਸਬ ਤੋ ਘੱਟ ਪਾਇਆ ਗਿਆ। ਜਿਸ ਵਿੱਚ ਅਜੰਸੀ ਵੱਲੋਂ ਰੁਪਏ 13,19,924/- ਦੇ ਵਿਰੁੱਧ 6.13% ਦੀ ਸੇਵਿੰਗ ਨਾਲ ਰੁਪਏ 12,39,012/- ਵਿੱਚ ਕੰਮ ਕਰੇਗੀ। ਕੀਤੇ ਗਏ ਕੰਮ ਦੀ ਅਦਾਇਗੀ ਐਮ.ਬੀ. ਵਿੱਚ ਕੀਤੇ ਗਏ ਇੰਦਰਾਜ ਅਨੁਸਾਰ ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਕੀਤੀ ਜਾਵੇਗੀ ਜੋ ਕਿ ਕੰਮ ਦੀ ਮਿਨਤੀ ਅਨੁਸਾਰ ਵੱਧ-ਘੱਟ ਸਕਦੀ ਹੈ।

ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ) ਅਤੇ ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਟੈਂਡਰ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ 4.1.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ । ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 5.1.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ
11.1.2021

ਮਤਾ ਨੰ: 33

ਵਿਸ਼ਾ:- ਓ.ਐਂਡ.ਐਮ ਸ਼ਾਖਾ ਦੀ ਸੀਵਰ ਜੈਟਿੰਗ ਮਸ਼ੀਨ ਨੰਬਰ PB 65 AB 8320 ਅਤੇ PB 65 AB 8321 ਦੀ ਓਪਰੇਸ਼ਨ ਅਤੇ ਮੇਨਟੀਨੈਂਸ ਦੇ ਕੰਟਰੈਕਟ ਦੇ ਤਖਮੀਨੇ ਵਿੱਚ 15% ਹੋਰ (ਕੁੱਲ 25%) ਵਾਧਾ ਕਰਨ ਬਾਰੇ।

ਉਪਰੋਕਤ ਵਿਸ਼ੇ ਅਧੀਨ ਓ.ਐਂਡ.ਐਮ ਸ਼ਾਖਾ ਵਲੋਂ ਜਲੰਧਰ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਦੇ ਸੀਵਰ ਦੀ ਦੇਖਭਾਲ ਲਈ 6000 ਲੀਟਰ ਦੀਆਂ 2 ਸੀਵਰ ਜੈਟਿੰਗ ਮਸ਼ੀਨਾ ਦੀ ਡਿਜਾਇਨਿੰਗ, ਫੈਬਰੀਕੇਸ਼ਨ ਅਤੇ ਸਪਲਾਈ ਦੇ ਨਾਲ-ਨਾਲ 3 ਸਾਲਾਂ ਦਾ ਓਪਰੇਸ਼ਨ ਅਤੇ ਰੱਖ-ਰਖਾਵ ਵਾਸਤੇ ਤਖਮੀਨਾ ਰੁਪਏ 68,00,000/- ਦਾ ਤਿਆਰ ਕੀਤਾ ਗਿਆ ਸੀ, ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਵਲੋਂ ਆਪਣੇ ਮਤਾ ਨੰਬਰ 52(4 ਅਤੇ 6) ਮਿਤੀ 08-05-2015 ਰਾਹੀਂ ਦਿੱਤੀ ਗਈ ਸੀ। ਐਨ.ਆਈ.ਟੀ ਨੰਬਰ MCJ/W/07/15/1 ਮਿਤੀ 08-07-2015 ਨੂੰ ਇਨ੍ਹਾਂ ਸੀਵਰ ਜੈਟਿੰਗ ਮਸ਼ੀਨਾਂ ਦੀ ਡਿਜਾਇਨਿੰਗ, ਫੈਬਰੀਕੇਸ਼ਨ ਅਤੇ ਸਪਲਾਈ ਦੇ ਨਾਲ-ਨਾਲ 3 ਸਾਲਾਂ ਦਾ ਓਪਰੇਸ਼ਨ ਅਤੇ ਰੱਖ-ਰਖਾਵ ਲਈ ਰਕਮ ਰੁਪਏ 43,00,000/- ਦੇ ਟੈਂਡਰ ਈ-ਟੈਂਡਰਿੰਗ ਪ੍ਰਕ੍ਰਿਆ ਰਾਹੀਂ ਮੰਗੇ ਗਏ ਸਨ ਅਤੇ ਇਸ ਕੰਮ ਵਾਸਤੇ ਸਿਰਫ ਇੱਕ ਟੈਂਡਰ M/s Quality Hydraulic Pvt. Ltd. Ghaziabad (UP) ਦਾ ਪ੍ਰਾਪਤ ਹੋਇਆ, ਜਿਸ ਨੇ 5% ਦੀ ਸੇਵਿੰਗ ਨਾਲ ਇਸ ਕੰਮ ਨੂੰ ਰੁਪਏ 40,85,000/- ਵਿੱਚ ਕਰਨਾ ਸੀ, ਜਿਸ ਨੂੰ ਵਿੱਤ ਅਤੇ ਠੇਕਾ ਕਮੇਟੀ ਵਲੋਂ ਆਪਣੇ ਮਤਾ ਨੰਬਰ 462 ਮਿਤੀ 27-11-2015 ਰਾਹੀਂ ਪ੍ਰਵਾਨ ਕੀਤਾ ਗਿਆ। ਇਸ ਉਪਰੰਤ ਅਜੰਸੀ ਨਾਲ ਇਕਰਾਰਨਾਮਾ ਕਰਨ ਉਪਰੰਤ ਇਸ ਦਫਤਰ ਵਲੋਂ ਪੱਤਰ ਨੰਬਰ 174/SE/W ਮਿਤੀ 28-05-2016 ਰਾਹੀਂ ਵਰਕ ਆਰਡਰ ਜਾਰੀ ਕੀਤਾ ਗਿਆ। ਅਜੰਸੀ ਵਲੋਂ ਇਨ੍ਹਾਂ ਮਸ਼ੀਨਾਂ ਦੀ ਓਪਰੇਸ਼ਨ ਅਤੇ ਮੇਨਟੀਨੈਂਸ ਦਾ ਕੰਟਰੈਕਟ ਮਿਤੀ 01-11-2016 ਤੋਂ ਸ਼ੁਰੂ ਕਰ ਦਿੱਤਾ ਗਿਆ ਸੀ। ਅੰਜਸੀ ਨਾਲ ਇਨ੍ਹਾਂ ਮਸ਼ੀਨਾਂ ਦੀ ਤਿੰਨ ਸਾਲ ਲਈ ਓਪਰੇਸ਼ਨ ਅਤੇ ਮੇਨਟੀਨੈਂਸ ਦਾ ਕੰਟਰੈਕਟ ਰੁਪਏ 15,00,000/- ਵਿੱਚ ਕੀਤਾ ਗਿਆ ਸੀ ਜ਼ੋ ਕਿ ਮਿਤੀ 31-10-2019 ਨੂੰ ਖਤਮ ਹੋਣਾ ਸੀ।

ਇਥੇ ਇਹ ਦਸਿਆ ਜਾਂਦਾ ਹੈ ਕਿ ਇਸ ਕੰਮ ਦਾ ਨਵਾਂ ਤਖਮੀਨਾ ਜ਼ੋ ਕਿ ਨਗਰ ਨਿਗਮ ਹਾਊਸ ਵਿਚੋਂ ਪਾਸ ਹੋਣਾ ਬਾਕੀ ਸੀ, ਇਸ ਲਈ ਇਨ੍ਹਾਂ ਮਸ਼ੀਨਾ ਦੀ ਓਪਰੇਸ਼ਨ ਅਤੇ ਮੇਨਟੀਨੈਂਸ ਦਾ ਕੰਟਰੈਕਟ ਪੁਰਾਣੇ ਰੇਟਾ ਅਤੇ ਸ਼ਰਤਾਂ ਤੇ ਤਿੰਨ ਮਹੀਨੇ ਹੋਰ ਵਧਾਉਣ ਵਾਸਤੇ ਤਖਮੀਨੇ ਵਿੱਚ 10% ਵਾਧਾ ਕਰਨ ਦੀ ਪ੍ਰਵਾਨਗੀ ਕਮਿਸ਼ਨਰ ਸਾਹਿਬ ਜੀ ਵਲੋਂ ਆਪਣੇ ਹੁਕਮ ਮਿਤੀ 14-10-2019 ਰਾਹੀਂ ਦਿੱਤੀ ਗਈ ਸੀ ਜ਼ੋ ਕਿ ਮਿਤੀ 31-01-2020 ਨੂੰ ਖਤਮ ਹੋ ਗਿਆ ਸੀ ਪਰੰਤੂ ਇਸ ਕੰਮ ਦੇ ਨਵੇਂ ਤਖਮੀਨੇ ਦੀ ਨਗਰ ਨਿਗਮ ਹਾਊਸ ਵਿਚੋਂ ਪ੍ਰਵਾਨਗੀ ਉਪਰੰਤ ਇਸ ਦੇ ਟੈਂਡਰ ਅਜੇ ਅੰਡਰ ਪ੍ਰੋਸੈਸ ਸੀ ਅਤੇ ਲੋਕ ਹਿੱਤ ਲਈ ਇਸ ਕੰਮ ਨੂੰ ਰੋਕਿਆ ਨਹੀਂ ਜਾ ਸਕਦਾ ਸੀ, ਜਿਸ ਕਾਰਨ ਇਸ ਕੰਮ ਨੂੰ ਚਾਲੂ ਰਖਿਆ ਗਿਆ ਸੀ ਅਤੇ ਕੋਵਿਡ-19 ਕਾਰਨ ਲਗੇ ਕਰਫਿਊ/ ਲੋਕਡਾਊਨ ਦੇ ਸਮੇਂ ਦੌਰਾਨ ਵੀ ਅਜੰਸੀ ਤੋਂ ਇਹ ਕੰਮ ਨਿਰਵਿਘਨ ਕਰਵਾਇਆ ਗਿਆ ਸੀ।

ਇਥੇ ਇਹ ਦਸਿਆ ਜਾਂਦਾ ਹੈ ਕਿ ਹੁਣ ਇਸ ਕੰਮ ਦੇ ਨਵੇਂ ਟੈਂਡਰ ਮੈਚਿਓਰ ਹੋ ਗਏ ਹਨ ਅਤੇ ਇਹ ਕੰਮ ਨਵੇਂ ਵਰਕ ਆਰਡਰ ਰਾਹੀਂ ਮਿਤੀ 10-06-2020 ਨੂੰ ਅਲਾਟ ਕਰ ਦਿੱਤਾ ਗਿਆ ਹੈ। ਉਪਰੋਕਤ ਅਜੰਸੀ ਮੈਸ: Quality Hydraulic ਵਲੋਂ ਆਪਣੇ ਪੱਤਰ ਮਿਤੀ 28-12-2020 ਰਾਹੀਂ ਬੇਨਤੀ ਕੀਤੀ ਹੈ ਕਿ ਉਨ੍ਹਾਂ ਵਲੋਂ ਵਿਸ਼ੇ ਅਧੀਨ ਕੀਤੇ ਗਏ ਕੰਮ ਮਿਤੀ 01-02-2020 ਤੋਂ 12-06-2020 ਤੱਕ ਦੀ ਅਦਾਇਗੀ ਕੀਤੀ ਜਾਵੇ।ਇਸ ਲਈ ਮੈਸ: Quality Hydraulic ਵਲੋਂ ਕੀਤੇ ਗਏ ਕੰਮ ਮਿਤੀ 01-02-2020 ਤੋਂ 12-06-2020 ਤੱਕ ਦੀ ਅਦਾਇਗੀ ਕਰਨ ਲਈ ਤਖਮੀਨੇ ਵਿੱਚ 15% ਹੋਰ ਰੁਪਏ 2,25,000/- (ਕੁੱਲ 25%) ਵਾਧਾ ਕਰਨ ਲਈ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿੱਚ ਭੇਜਣ ਦੀ ਸਿਫਾਰਸ਼ ਕੀਤੀ ਜਾਂਦੀ ਹੈ ਜੀ।

ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ) ਅਤੇ ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਤਜ਼ਵੀਜ਼ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ 4.1.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ । ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 5.1.2021 ਨਾਲ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/- ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ

11.1.2021

ਮਤਾ ਨੰ: 34

ਵਿਸ਼ਾ:- C & D Project ਅਧੀਨ Construction and demolition Jaw Crusher ਦੀ ਖਰੀਦ ਕਰਨ ਸਬੰਧੀ ।

ਉਪਰੋਕਤ ਕੰਮ ਲਈ ਜੈਮ ਪੋਰਟਲ ਤੋਂ ਤਖਮੀਨਾ ਪ੍ਰਾਪਤ ਕੀਤਾ ਗਿਆ ਜ਼ੋ ਕਿ 4 ਮਸ਼ੀਨਾ ਲਈ ਰੁਪਏ 7,96,080/- ਦਾ ਹੈ। ਇਸ ਦੀ ਪ੍ਰਵਾਨਗੀ ਹਾਊਸ ਦੀ ਪੂਰਵ ਪ੍ਰਵਉਸ ਉਪਰੰਤ ਜੈਮ ਪੋਰਟਲ ਰਾਹੀਂ ਇਸ ਕੰਮ ਲਈ ਈ-ਬਿਡ ਪ੍ਰਾਪਤ ਕੀਤੀ ਗਈ। ਜਿਸ ਅਨੁਸਾਰ ਇਸ ਕੰਮ ਲਈ 6 ਏਜੰਸੀਆਂ ਵਲੋਂ ਇਸ ਈ-ਬਿਡ ਵਿਚ ਹਿੱਸਾ ਲਿਆ ਗਿਆ। ਪ੍ਰਾਪਤ 6ਈ-ਬਿਡ ਵਿਚੋਂ Dinesh Scientific Ambala Cantt. ਵਲੋਂ ਸਭ ਤ੍ਰੋ ਘੱਟ ਰੇਟ ਪਾਏ ਗਏ ਜ਼ੋ ਕਿ ਰੁਪਏ 5,95,200/- ਹੈ। ਇਸ ਕੰਮ ਵਿਚ 25.23% ਦੀ ਸੇਵਿੰਗ ਹੈ। ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ) ਅਤੇ ਨਿਗਰਾਨ ਇੰਜੀਨੀਅਰ (ਬੀ.ਐਂੜ ਆਰ.) ਨੇ ਤਜ਼ਵੀਜ਼ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ 4.1.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਨੇ ਮਿਤੀ 5.1.2021 ਰਾਹੀਂ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ ।

ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿੱਚ ਅੰਤਿਮ ਪ੍ਰਵਾਨਗੀ ਹਿੱਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।ਇਹ ਵੀ ਫੈਸਲਾ ਹੋਇਆ ਕਿ ਪਹਿਲਾਂ ਇਕ ਮਸ਼ੀਨ ਖਰੀਦ ਕਰਕੇ ਅਤੇ ਉਸ ਦੀ ਕਾਰਗੁਜਾਰੀ ਦੇਖ ਕੇ ਹੀ ਬਾਕੀ ਦੀਆਂ ਮਸ਼ੀਨਾਂ ਖਰੀਦੀਆਂ ਜਾਣ।

ਸਹੀ/- ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ

11.1.2021

ਇਸ ਉਪਰੰਤ ਕਮੇਟੀ ਦੀ ਸਹਿਮਤੀ ਅਤੇ ਸੀਨੀਅਰ ਡਿਪਟੀ ਮੇਅਰ ਜੀ ਦੀ ਆਗਿਆ ਨਾਲ ਮੱਦ ਨੰ: 35 ਤੋਂ 36 ਤੱਕ ਅਜੰਡੇ ਦੇ ਬਾਹਰੋਂ ਲਈਆਂ ਗਈਆਂ।

ਸਹੀ/- ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ

11.1.2021

ਮਤਾ ਨੰ: 35

Subject Deployment of Labour /Mali on outsource basis fro Horticulture Branch for One year.

ਹਵਾਲਾ : ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 358 ਮਿਤੀ: 04.01.2021 ਦੇ ਸਬੰਧ ਵਿੱਚ।

ਪੜ੍ਹੀਆਂ ਦਫਤਰੀ ਰਿਪੋਰਟਾਂ ਬੀ.ਐਂਡ ਆਰ. ਸ਼ਾਖਾ ਕਿ ਉਪਰੋਕਤ ਵਿਸ਼ੇ ਸਬੰਧੀ ਹਵਾਲੇ ਅਧੀਨ ਅੰਕਿਤ ਵਿੱਤ ਅਤੇ ਠੇਕਾ ਕਮੇਟੀ ਦੀ ਹੋਈ ਮੀਟਿੰਗ ਦੌਰਾਨ ਮੈਸਰਜ ਐਸ.ਐਸ.ਸਰਵਿਸਸ ਪ੍ਰੋਵਾਈਡਰਸ ਨੂੰ ਕੰਮ ਲਈ ਵਰਕ ਆਰਡਰ ਮਿਤੀ : 09.12.2020 ਤੋਂ 12 ਮਹੀਨਿਆਂ ਦੇ ਲਈ ਜਾਰੀ ਕਰਨ ਲਈ ਮਾਨਯੋਗ ਮੇਅਰ ਜੀ ਵੱਲੋਂ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦਿੱਤੀ ਗਈ ਮੰਜ਼ੂਰੀ ਨੂੰ ਅੰਤਿਮ ਪ੍ਰਵਾਨਗੀ ਦਿੱਤੀ ਗਈ ਸੀ।

ਉਪਰੋਕਤ ਤੋਂ ਇਲਾਵਾ ਲਿਖਿਆ ਗਿਆ ਸੀ ਕਿ ਮੈਸਰਜ ਗ੍ਰੇਟਿਸ ਇੰਡੀਆਂ ਪ੍ਰਾਈਵੇਟ ਲਿਮਟਿਡ ਕੰਪਨੀ ਰਾਹੀ ਪਹਿਲਾ ਤੋਂ ਕੰਮ ਕਰ ਰਹੇ 40 ਮਾਲੀਆਂ ਲਈ ਪੁਰਾਣੀ ਪਾਸ ਖਰਚ ਰਕਮ ਰੁ : 40.66 ਲੱਖ ਨੂੰ 10% ਸੋਧ ਕਰਕੇ ਇਹਨਾਂ ਕਰਮਚਾਰੀਆਂ ਨੂੰ 30.10.2020 ਤੋਂ ਮਿਤੀ : 08.12.2020 ਤੱਕ ਕੀਤੇ ਗਏ ਕੰਮ ਦੇ ਬਦਲੇ ਤਨਖਾਹ ਦੀ ਅਦਾਇਗੀ ਕਰਨ ਸਬੰਧੀ ਮਾਮਲਾ ਉੱਚ-ਅਧਿਕਾਰੀਆਂ ਦੇ ਵਿਚਾਰ ਅਧੀਨ ਹੈ।ਇਸ ਕੰਮ ਦੀ ਪੁਰਾਣੀ ਪਾਸ ਖਰਚ ਰਕਮ ਰੁ: 60.46 ਲੱਖ ਸੀ, ਜੋ ਕਿ ਦਫਤਰੀ ਗਲਤੀ ਕਾਰਣ 40.66 ਲੱਖ ਲਿਖ ਹੋ ਗਈ ਸੀ।ਇਸ ਲਈ ਮਤਾ ਨੰ: 358 ਮਿਤੀ: 04.01.2021 ਵਿੱਚ ਸੋਧ ਕਰਦੇ ਹੋਏ ਪੁਰਾਣੀ ਪਾਸ ਖਰਚ ਰਕਮ 60.46 ਲੱਖ ਦਰਜ ਕਰਨ ਦੀ ਕ੍ਰਿਪਲਤਾ ਕੀਤੀ ਜਾਵੇ ।

ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਅਤੇ ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਤਜਵੀਜ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/- ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ

11.1.2021

**ਮਤਾ ਨੰ: 36**

ਵਿਸ਼ਾ : ਪ੍ਰੋ/ਲੇਇੰਗ ਡਬਲਯੂ.ਬੀ.ਐਮ.25 ਐਮ.ਐਮ. ਥਿੱਕ ਐਸ.ਡੀ.ਬੀ.ਸੀ. ਆਨ ਰੋਡ ਇਨ ਇੰਡਸਟਰੀਅਲ ਅਸਟੇਟ (ਤਖਮੀਨਾ ਰੁ: 4.23 ਲੱਖ)

ਪੜ੍ਹੀਆਂ ਦਫਤਰੀ ਰਿਪੋਰਟਾਂ ਬੀ.ਐਂਡ ਆਰ. ਸ਼ਾਖਾ ਕਿ ਉਪਰੋਕਤ ਵਿਸ਼ੇ ਸਬੰਧੀ ਯੂ.ਈ.ਆਈ.ਪੀ. ਗ੍ਰਾਂਟ ਅਧੀਨ ਇਸ ਕੰਮ ਦਾ ਟੈਂਡਰ ਬੀ.ਐਂਡ.ਆਰ. ਸ਼ਾਖਾ ਵੱਲੋਂ ਲਗਾਇਆ ਗਿਆ ਸੀ।ਛੇਵੀ ਬਾਰ ਐਨ.ਆਈ.ਨੰ: 822 ਮਿਤੀ: 12.11.2020 ਨੂੰ ਈ- ਟੈਡਰਿੰਗ ਰਾਹੀ ਮੰਗਣ ਤੇ ਇੱਕ ਟੈਂਡਰ ਸ਼੍ਰੀ ਰਾਜੀਵ ਕੁਮਾਰ ਅਗਰਵਾਲ ਵੱਲੋਂ (+) 9.90% ਵੱਧ ਰੇਟਾਂ ਤੇ ਵਸੂਲ ਪਾਇਆ ਗਿਆ।ਨਿਗਰਾਨ ਇੰਜੀਨੀਅਰ ਜੀ ਦੇ ਪੱਤਰ ਨੰ: ਐਸ.ਈ (ਬੀ.ਐਂਡ.ਆਰ)-565 ਮਿਤੀ: 06.01.2021 ਰਾਹੀ ਸਬਧੰਤ ਠੇਕੇਦਾਰ/ਏਜੰਸੀ ਨੂੰ ਪਾਏ ਗਏ ਰੇਟਾਂ ਦੀ ਨੈਗੋਸਿਏਸ਼ਨ ਕਰਨ ਦੇ ਲਈ ਦਫਤਰ ਬੁਲਾਇਆ ਗਿਆ।ਪ੍ਰੰਤੂ ਸਬਧੰਤ ਠੇਕੇਦਾਰ/ਏਜੰਸੀ ਵੱਲੋਂ ਅੱਜ ਮਿਤੀ : 08.01.2021 ਨੂੰ ਈ-ਮੇਲ ਰਾਹੀ ਲਿਖਤੀ ਰੂਪ ਵਿੱਚ ਜਵਾਬ ਪ੍ਰਾਪਤ ਹੋਇਆ ਕਿ ਸਾਡੇ ਵੱਲੋਂ ਪਾਏ ਗਏ ਰੇਟ ਨਵੇ ਸੀ.ਐਸ.ਆਰ. ਦੇ ਰੇਟਾਂ ਮੁਤਾਬਕ ਠੀਕ ਹਨ।

ਇੱਥੇ ਇਹ ਦੱਸਣਾ ਯੋਗ ਹੋਵੇਗਾ ਕਿ ਇਸ ਕੰਮ ਦੇ ਤਖਮੀਨੇ ਵਿੱਚ ਪੁਰਾਣੇ ਸੀ.ਐਸ.ਆਰ. ਸਾਲ 2010 ਦੇ ਰੇਟ ਲੱਗੇ ਹੋਏ ਹਨ, ਜੋ ਕਿ ਮੁੱਖ ਇੰਜੀਨੀਅਰ, ਚੰਡੀਗੜ੍ਹ ਜੀ ਤੋਂ ਵੈਟ ਕੀਤੇ ਗਏ ਹਨ।ਸਰਕਾਰ ਦੀਆਂ ਹਦਾਇਤਾਂ ਅਨੁਸਾਰ ਇਸ ਕੰਮ ਨੂੰ ਸੈਨਕਸ਼ਨ ਹੋਈ ਰਕਮ ਤੇ ਹੀ Restrict ਕਰਨਾ ਹੋਵੇਗਾ।

ਕਾਰਜਕਾਰੀ ਇੰਜੀਨੀਅਰ (ਬੀ. ਐਂਡ ਆਰ.) ਨੇ ਅਤੇ ਨਿਗਰਾਨ ਇੰਜੀਨੀਅਰ (ਬੀ. ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ 11.1.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਸੀਨੀਅਰ ਡਿਪਟੀ ਮੇਅਰ ਜੀ ਦੇ ਆਦੇਸ਼ ਮਿਤੀ 11.1.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਇਸ ਟੈਂਡਰ ਦੀ ਪ੍ਰਵਾਨਗੀ ਇਸ ਸ਼ਰਤ ਤੇ ਦਿੱਤੀ ਜਾਂਦੀ ਹੈ ਕਿ ਪ੍ਰਵਾਨਤ ਤਖਮੀਨੇ ਦੀ ਰਾਸ਼ੀ ਤੱਕ ਦਾ ਹੀ ਕੰਮ ਕਰਵਾਇਆ ਜਾਵੇ।

ਸਹੀ/- ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ

11.1.2021